# "Society for Promotion of Quality Education for Poor and Meritorious Students of Punjab"

ਵਿੱਦਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ, ਚੌਥੀ ਮੰਜਿਲ, ਫੇਜ਼ 8, ਐਸ.ਏ.ਐਸ ਨਗਰ (ਮੁਹਾਲੀ)

## ਜਨਤਕ ਨੋਟਿਸ

ਉਪਰੋਕਤ ਸੋਸਾਇਟੀ ਵੱਲੋਂ ਸਰਕਾਰੀ ਸਕੂਲਾਂ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਜਮਾਤ ਦੀ ਪ੍ਰੀਖਿਆ ਵਿਚੋਂ ਸਾਲ 2013-14 ਦੌਰਾਨ 80% ਜਾਂ ਉਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਲਈ ਪੰਜਾਬ ਰਾਜ ਵਿਚ ਛੇ ਰਿਹਾਇਸ਼ੀ ਸਕੂਲ (ਅਮ੍ਰਿਤਸਰ, ਜਲੰਧਰ, ਲੁਧਿਆਣਾ, ਮੁਹਾਲੀ, ਪਟਿਆਲਾ, ਬਠਿੰਡਾ) ਖੋਲੇ ਗਏ ਹਨ। ਇਨ੍ਹਾਂ ਸਕੂਲਾਂ ਵਿਚ ਵਿਦਿਆਰਥੀਆਂ ਦਾ ਦਾਖਲਾ ਪਹਿਲਾਂ ਹੀ ਜੁਲਾਈ ਮਹੀਨੇ ਵਿਚ ਕੀਤਾ ਜਾ ਚੁੱਕਾ ਹੈ। ਪਹਿਲੇ ਫੇਜ਼ ਵਿਚ ਦਾਖਲੇ ਉਪਰੰਤ ਇਨ੍ਹਾਂ ਸਕੂਲਾਂ ਅਧੀਨ ਮੁੰਡਿਆਂ ਦੀਆਂ 543 ਅਤੇ ਕੁੜੀਆਂ ਦੀਆਂ 281 ਖਾਲੀ ਸੀਟਾਂ ***(ਸਟਰੀਮ ਅਨੁਸਾਰ ਮੁੰਡਿਆਂ ਅਤੇ ਕੁੜੀਆਂ ਦੀਆਂ ਖਾਲੀ ਸੀਟਾਂ ਵਿਭਾਗ ਦੀ ਵੈਬਸਾਈਟ ਉੱਤੇ ਉਪਲਬਧ ਹਨ)*** ਲਈ ਮੁੜ ਫਾਰਮਾਂ ਦੀ ਮੰਗ ਕੀਤੀ ਜਾਂਦੀ ਹੈ। ਉਹ ਉਮੀਦਵਾਰ ਜਿਨ੍ਹਾਂ ਨੇ ਸਰਕਾਰੀ ਸਕੂਲਾਂ ਤੋਂ 10ਵੀਂ ਜਮਾਤ ਵਿਚ ਸਾਲ 2013-14 ਦੌਰਾਨ 80% ਜਾਂ ਉਸ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ, ਆਪਣਾ ਦਾਖਲਾ ਫਾਰਮ ਵਿਭਾਗ ਦੀ ਵੈਬਸਾਈਟ www.ssapunjab.org ਤੋਂ ਡਾਊਨਲੋਡ ਕਰਕੇ ਚੰਗੀ ਤਰ੍ਹਾਂ ਹਦਾਇਤਾਂ ਮੁਤਾਬਿਕ ਫਾਰਮ ਭਰਨ ਉਪਰੰਤ ਇਸ ਨੂੰ ਆਪਣੇ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦਫਤਰ ਵਿਚ ਐਮ.ਆਈ.ਐਸ. ਕੋਆਰਡੀਨੇਟਰ ***ਕੋਲ ਮਿਤੀ 20-08-2014 ਤੱਕ*** (ਸ਼ਾਮ 5:00 ਵਜੇ ਤੱਕ) ਜਮ੍ਹਾਂ ਕਰਵਾ ਦੇਣ। ਦਾਖਲਾ ਫਾਰਮ ਭਰਨ ਸਮੇਂ ਵਿਦਿਆਰਥੀ ਵਲੋਂ ਤਿੰਨ ਸਕੂਲਾਂ (ਵੱਖਰੇ ਸਕੂਲਾਂ) ਦੀ ਤਰਜੀਹ ਜਰੂਰ ਦਿੱਤੀ ਜਾਵੇ, ਅਜਿਹਾ ਨਾ ਕਰਨ ਦੀ ਸੂਰਤ ਵਿਚ ਦਾਖਲਾ ਫਾਰਮ ਕੰਪਿਊਟਰ ਵਲੋਂ ਖਾਰਜ ਕਰ ਦਿੱਤਾ ਜਾਵੇਗਾ।

ਜਿਨ੍ਹਾਂ ਵਿਦਿਆਰਥੀਆਂ ਦੀ ਪਹਿਲਾਂ ਹੀ ਕਾਊਂਸਲਿੰਗ ਹੋ ਚੁੱਕੀ ਹੈ, ਪਰੰਤੂ ਜਿਨ੍ਹਾਂ ਨੂੰ ਅਜੇ ਤੱਕ ਸੀਟ ਨਹੀਂ ਮਿਲੀ ਹੈ (ਅਜਿਹੇ ਵਿਦਿਆਰਥੀਆਂ ਦੀ ਸੂਚੀ ਵੈਬਸਾਈਟ ਉੱਤੇ ਉਪਲਬਧ ਹੈ) ਉਨ੍ਹਾਂ ਨੂੰ ਵੇਟਿੰਗ ਸੂਚੀ ਵਿਚ ਰੱਖਿਆ ਗਿਆ ਹੈ ਅਤੇ ਇਨ੍ਹਾਂ ਵਿਦਿਆਰਥੀਆਂ ਨੂੰ ਦੁਬਾਰਾ ਅਪਲਾਈ ਕਰਨ ਦੀ ਜਰੂਰਤ ਨਹੀਂ ਹੈ। ਵੇਟਿੰਗ ਸੂਚੀ ਵਾਲੇ ਇਨ੍ਹਾਂ ਵਿਦਿਆਰਥੀਆਂ ਨੂੰ ਸਿਟਾਂ ਮੈਰਿਟ ਅਨੁਸਾਰ 20 ਅਗਸਤ, 2014 ਤੋਂ ਬਾਅਦ ਅਲਾਟ ਕੀਤੀਆਂ ਜਾਣਗੀਆਂ।

### ਸਟਰੀਮ ਅਨੁਸਾਰ ਖਾਲੀ ਸੀਟਾਂ ਵੇਰਵਾ

| Medical | | NonMedical | | Commerce | |
|---|---|---|---|---|---|
| Boys | Girls | Boys | Girls | Boys | Girls |
| 182 | 44 | 199 | 165 | 162 | 72 |

18/8/14

ਪ੍ਰੋਜੈਕਟ ਡਾਇਰੈਕਟਰ